New York State
EDUCATION DEPARTMENT
Knowledge › Skill › Opportunity

# ਮਾਪਿਆਂ ਲਈ ਤੱਥ ਸ਼ੀਟ

### ਐਵਰੀ ਸਟੂਡੈਂਟ ਸਕਸੀਡਸ ਐਕਟ (ESSA) ਦੀ ਜਵਾਬਦੇਹੀ ਅਤੇ ਨਿਊਯਾਰਕ ਦੇ ਸਕੂਲ: ਨਵੀਆਂ ਸਕੂਲ ਰੇਟਿੰਗਾਂ ਨੂੰ ਸਮਝਣਾ

ਦ ਐਵਰੀ ਸਟੂਡੈਂਟ ਸਕਸੀਡਜ਼ ਐਕਟ, ਜਾਂ ESSA , K-12 ਜਨਤਕ ਸਿੱਖਿਆ ਲਈ ਮੁੱਖ ਸੰਘੀ ਕਾਨੂੰਨ ਦਾ ਟੀਚਾ ਸਾਰੇ ਬੱਚਿਆਂ ਲਈ ਗੁਣਵੱਤਾਪੂਰਨ ਸਿੱਖਿਆ ਸੁਨਿਸ਼ਚਿਤ ਕਰਨਾ ਹੈ। ਕਾਨੂੰਨ ਲੋੜਦਾ ਹੈ ਕਿ ਰਾਜ ਇਸ ਗੱਲ ਲਈ ਸਰਕਾਰੀ ਸਕੂਲਾਂ ਦੀ ਜਵਾਬਦੇਹੀ ਤੈਅ ਕਰਨ ਕਿ ਵਿਦਿਆਰਥੀ ਕਿਵੇਂ ਸਿੱਖਿਆ ਪ੍ਰਾਪਤ ਕਰਦੇ ਹਨ। ESSA ਰਾਜਾਂ ਨੂੰ ਲਚਕਦਾਰਤਾ ਜ਼ਰੂਰ ਦਿੰਦਾ ਹੈ – ਉਹਨਾਂ ਦੀਆਂ ਜਵਾਬਦੇਹੀ ਪ੍ਰਣਾਲੀਆਂ ਸਿਰਫ ਟੈਸਟ ਸਕੋਰਾਂ ਦੀ ਬਜਾਏ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਨੂੰ ਮਾਪ ਸਕਦੀਆਂ ਹਨ।

ESSA ਵਿੱਦਿਅਕ ਸਮਾਨਤਾ ਨੂੰ ਉਤਸ਼ਾਹਤ ਕਰਦਾ ਹੈ, ਜਿਸਦਾ ਅਰਥ ਹੈ ਕਿ ਸਾਰੇ ਵਿਦਿਆਰਥੀ ਸਕੂਲ ਵਿੱਚ ਸਫਲ ਹੁੰਦੇ ਹਨ ਅਤੇ ਵਧਦੇ-ਫੁੱਲਦੇ ਹਨ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕੌਣ ਹਨ, ਉਹ ਕਿੱਥੇ ਰਹਿੰਦੇ ਹਨ, ਜਾਂ ਉਹ ਕਿੱਥੇ ਸਕੂਲ ਜਾਂਦੇ ਹਨ। ਜਵਾਬਦੇਹੀ ਪ੍ਰਣਾਲੀਆਂ ਸਕੂਲਾਂ ਵੱਲੋਂ ਕੀਤੇ ਜਾਣ ਵਾਲੇ ਚੰਗਾਂ ਕੰਮਾਂ ਅਤੇ ਸੁਧਾਰ ਕਰਨ ਲਈ ਉਹਨਾਂ ਨੂੰ ਕੀ ਕਰਨ ਦੀ ਲੋੜ ਹੈ, ਬਾਰੇ ਈਮਾਨਦਾਰਾਨਾ ਵਾਰਤਾਲਾਪ ਨੂੰ ਉਤਸ਼ਾਹਤ ਕਰਕੇ ਇਸਨੂੰ ਸੰਭਵ ਬਣਾਉਣ ਵਿੱਚ ਮਦਦ ਕਰਦੀਆਂ ਹਨ। ਜਵਾਬਦੇਹੀ ਪ੍ਰਣਾਲੀਆਂ ਉੱਚ-ਪ੍ਰਦਰਸ਼ਨ ਕਰਨ ਵਾਲੇ ਸਕੂਲਾਂ ਤੋਂ ਸਿੱਖਿਆ ਲੈਣ ਦੇ ਮੌਕੇ ਪ੍ਰਦਾਨ ਕਰਦੀਆਂ ਹਨ ਅਤੇ ਉਹਨਾਂ ਜਿਲ੍ਹਿਆਂ ਅਤੇ ਸਕੂਲਾਂ ਨੂੰ ਫੰਡ ਅਤੇ ਸਰੋਤ ਪ੍ਰਦਾਨ ਕਰਾਉਂਦੀਆਂ ਹਨ ਜਿੰਨ੍ਹਾਂ ਨੂੰ ਸੁਧਾਰ ਕਰਨ ਦੀ ਲੋੜ ਹੁੰਦੀ ਹੈ।

## ਨਵੀਂ ਜਵਾਬਦੇਹੀ ਪ੍ਰਣਾਲੀ

ਨਿਊਯਾਰਕ ਸਟੇਟ ਐਜੂਕੇਸ਼ਨ ਡਿਪਾਰਟਮੈਂਟ (NYSED) ਨੇ ਸਕੂਲ ਦਾ ਪ੍ਰਦਰਸ਼ਨ ਮਾਪਣ ਲਈ ਸੂਚਕਾਂ ਦੇ ਇੱਕ ਨਵੇਂ ਸਮੂਹ ਦੀ ਸਥਾਪਨਾ ਕੀਤੀ ਹੈ। NYSED ਨੇ ਇਹ ਸੂਚਕ ਰਾਜ ਭਰ ਦੇ ਹਜ਼ਾਰਾਂ ਲੋਕਾਂ - ਮਾਪਿਆਂ, ਸਿੱਖਿਅਕਾਂ ਅਤੇ ਮਾਹਰਾਂ ਦੇ ਸਹਿਯੋਗ ਨਾਲ ਵਿਕਸਿਤ ਕੀਤੇ ਸੀ। ਨਵੇਂ ਸੂਚਕ ਅੰਗਰੇਜ਼ੀ ਭਾਸ਼ਾ ਕਲਾਵਾਂ ਅਤੇ ਗਣਿਤ ਵਿੱਚ ਪ੍ਰਾਪਤੀ ਮਾਪਣ ਉੱਤੇ ਇੱਕ ਸੌੜੇ ਫੋਕਸ ਤੋਂ ਕਿਤੇ ਅੱਗੇ ਜਾਂਦੇ ਹਨ। ਇਹਨਾਂ ਵਿੱਚ ਹੋਰ ਕੇਂਦਰੀ ਵਿਸ਼ੇ ਜਿਵੇਂ ਵਿਗਿਆਨ ਅਤੇ ਸਮਾਜਿਕ ਅਧਿਐਨ ਸ਼ਾਮਿਲ ਹਨ, ਅਤੇ ਇਹਨਾਂ ਦਾ ਵਿਦਿਆਰਥੀ ਦੇ ਵਿਕਾਸ ਅਤੇ ਸਕੂਲ ਦੀ ਤਰੱਕੀ ਉੱਤੇ ਫੋਕਸ ਬਹੁਤ ਮਜ਼ਬੂਤ ਹੈ। ਮੁਲਾਂਕਣ ਅਜੇ ਵੀ ਮਹੱਤਵਪੂਰਨ ਭਾਗ ਹਨ, ਪਰ ਨਵੀਂ ਜਵਾਬਦੇਹੀ ਪ੍ਰਣਾਲੀ ਇਸ ਚੀਜ਼ ’ਤੇ ਵਧੇਰੇ ਸੰਪੂਰਨ ਝਾਤ ਪਾਉਂਦੀ ਹੈ ਕਿ ਕੋਈ ਸਕੂਲ ਕਿਵੇਂ ਪ੍ਰਦਰਸ਼ਨ ਕਰ ਰਿਹਾ ਹੈ। ਨਵੇਂ ਪ੍ਰਣਾਲੀ ਵਿੱਚ ਸਕੂਲ ਦੇ ਪ੍ਰਦਰਸ਼ਨ ਦੀ ਗੈਰ-ਵਿੱਦਿਅਕ ਕਾਰਗੁਜ਼ਾਰੀ ਵੀ ਸ਼ਾਮਲ ਹੈ।

ਨਵੇਂ ਸੂਚਕਾਂ ਵਿੱਚ ਵਿਦਿਆਰਥੀ ਦੀ ਵਿੱਦਿਅਕ ਉਪਲਬਧੀ, ਵਿਦਿਆਰਥੀ ਦਾ ਵਿਕਾਸ ਅਤੇ ਸਕੂਲ ਵਿੱਚ ਤਰੱਕੀ, ਅੰਗਰੇਜ਼ੀ ਭਾਸ਼ਾ ਸਿੱਖਣ ਵਾਲਿਆਂ ਦੀ ਤਰੱਕੀ, ਲੰਬ ਸਮਾਂ ਗੈਰ-ਹਾਜ਼ਰੀ, ਅਤੇ ਹਾਈ ਸਕੂਲਾਂ ਵਾਸਤੇ, ਗ੍ਰੈਜੂਏਸ਼ਨ ਦੀਆਂ ਦਰਾਂ ਅਤੇ ਕਾਲਜ, ਕੈਰੀਅਰ ਅਤੇ ਨਾਗਰਿਕ ਸ਼ਮੂਲੀਅਤ ਲਈ ਤਿਆਰ ਕਰਨਾ ਸ਼ਾਮਲ ਹਨ।



ਇਹਨਾਂ ਵਿੱਚੋਂ ਹਰੇਕ ਸੂਚਕ ਲਈ, ਹਰ ਸਕੂਲ ਨੂੰ “1”ਤੋਂ “4” ਅੰਕ ਮਿਲਦੇ ਹਨ। ਇੱਕ ਸਭ ਤੋਂ ਘੱਟ ਹੈ। ਚਾਰ ਸਭ ਤੋਂ ਵੱਧ ਹੈ। ਸਕੂਲਾਂ ਨੂੰ ਸਾਰੇ ਵਿਦਿਆਰਥੀਆਂ ਵਾਸਤੇ ਅਤੇ ਵਿਦਿਆਰਥੀ ਉਪਸਮੂਹਾਂ, ਜਿਵੇਂ ਜਾਤੀ ਅਤੇ ਨਸਲੀ ਸਮੂਹਾਂ ਦੇ ਮੈਂਬਰ, ਘੱਟ-ਆਮਦਨ ਵਾਲੇ ਵਿਦਿਆਰਥੀ, ਅਪਾਹਿਜ ਵਿਦਿਆਰਥੀ, ਅਤੇ ਅੰਗਰੇਜ਼ੀ ਭਾਸ਼ਾ ਸਿਖਿਆਰਥੀਆਂ ਲਈ ਇੱਕ ਅੰਕ ਮਿਲਦਾ ਹੈ।

## ਸਕੂਲਾਂ ਨੂੰ ਕਿਵੇਂ ਵਰਗੀਕ੍ਰਿਤ ਕੀਤਾ ਜਾਂਦਾ ਹੈ

ਜਵਾਬਦੇਹੀ ਪ੍ਰਣਾਲੀ ਸਕੂਲਾਂ ਨੂੰ ਤਿੰਨ ਸ਼੍ਰੇਣੀਆਂ ਵਿੱਚੋਂ ਕਿਸੇ ਇੱਕ ਵਿੱਚ ਵਰਗੀਕ੍ਰਿਤ ਕਰਦੀ ਹੈ: ਚੰਗੀ ਸਥਿਤੀ ਵਿੱਚ, ਇੱਕ ਵਿਆਪਕ ਸਹਾਇਤਾ ਅਤੇ ਸੁਧਾਰ (Comprehensive Support and Improvement - CSI) ਸਕੂਲ, ਜਾਂ ਇੱਕ ਸੇਧਿਤ ਸਹਾਇਤਾ ਅਤੇ ਸੁਧਾਰ (Targeted Support and Improvement - TSI) ਸਕੂਲ। **CSI** ਅਤੇ **TSI** ਦੋਨੋਂ ਸਕੂਲ ਵਾਧੂ ਸਹਾਇਤਾ ਲਈ ਯੋਗ ਹੁੰਦੇ ਹਨ।

ਕਿਸੇ ਸਕੂਲ ਦੀ ਵਿਆਪਕ ਸਹਾਇਤਾ ਅਤੇ ਸੁਧਾਰ **(CSI)** ਦੇ ਤੌਰ 'ਤੇ ਪਹਿਚਾਣ ਕੀਤੀ ਜਾ ਸਕਦੀ ਹੈ ਜੇ ਸਕੂਲ ਨਵੇਂ ਸੂਚਕਾਂ ਦੇ ਇੱਕ ਸੁਮੇਲ 'ਤੇ ਲੇਵਲ "1" 'ਤੇ ਪ੍ਰਦਰਸ਼ਨ ਕਰਦਾ ਹੈ ਜਾਂ ਹਾਈ ਸਕੂਲਾਂ ਲਈ, ਜੇ ਸਾਰੇ ਵਿਦਿਆਰਥੀ ਸਮੂਹਾਂ ਲਈ, ਗ੍ਰੈਜੂਏਸ਼ਨ ਦੀ ਦਰ 67 ਪ੍ਰਤੀਸ਼ਤ ਤੋਂ ਘੱਟ ਹੈ। 2018-19 ਤੋਂ ਸ਼ੁਰੂ ਕਰਕੇ, ਨਿਊਯਾਰਕ ਹਰ ਤਿੰਨ ਸਾਲਾਂ ਬਾਅਦ ਰਾਜ ਭਰ ਦੇ ਸਾਰੇ ਸਕੂਲਾਂ ਵਿੱਚੋਂ ਘੱਟੋ-ਘੱਟ 5 ਪ੍ਰਤੀਸ਼ਤ ਦੀ ਵਿਆਪਕ ਸਹਾਇਤਾ ਅਤੇ ਸੁਧਾਰ ਦੇ ਤੌਰ 'ਤੇ ਪਹਿਚਾਣ ਕਰੇਗਾ।

ਕਿਸੇ ਸਕੂਲ ਦੀ ਸੇਧਿਤ ਸਹਾਇਤਾ ਅਤੇ ਸੁਧਾਰ **(TSI)** ਦੇ ਤੌਰ 'ਤੇ ਪਹਿਚਾਣ ਕੀਤੀ ਜਾ ਸਕਦੀ ਹੈ ਜੇ ਇੱਕ ਜਾਂ ਇੱਕ ਤੋਂ ਵੱਧ ਵਿਦਿਆਰਥੀ ਉਪਸਮੂਹ ਨਵੇਂ ਸੂਚਕਾਂ ਦੇ ਸਮੇਲ 'ਤੇ ਲੈਵਲ "1" 'ਤੇ ਪ੍ਰਦਰਸ਼ਨ ਕਰਦੇ ਹਨ। ਜੇ ਕੋਈ ਸਕੂਲ ਚੰਗੀ ਸਥਿਤੀ ਵਿੱਚ ਰਿਹਾ ਹੈ, ਤਾਂ ਸਕੂਲ ਦੇ **TSI** ਬਣਨ ਤੋਂ ਪਹਿਲਾਂ ਦੋ ਸਾਲ ਖਰਾਬ ਪ੍ਰਦਰਸ਼ਨ ਹੋਣਾ ਚਾਹੀਦਾ ਹੈ।

## ਦਰਜਿਆਂ ਨੂੰ ਅਮਲ ਵਿੱਚ ਕਿਵੇ ਲਿਆਇਆ ਜਾਂਦਾ ਹੈ ਕਿਵੇਂ ਰੱਖਿਆ ਜਾਂਦਾ ਹੈ

ਇਹ ਵਰਗੀਕਰਨ ਪ੍ਰਣਾਲੀ ਸਮਾਨਤਾ ਪ੍ਰਾਪਤ ਕਰਨ ਬਾਰੇ ਹੈ। ਜ਼ਿਆਦਾ ਧਿਆਨ ਦੀ ਲੋੜ ਵਾਲੇ ਸਕੂਲਾਂ ਦੀ ਪਹਿਚਾਣ ਕਰਕੇ, ਨਿਊਯਾਰਕ ਸਟੇਟ ਐਜੂਕੇਸ਼ਨ ਡਿਪਾਰਟਮੈਂਟ ਅਤੇ ਸਕੂਲੀ ਜਿਲ੍ਹੇ ਇਹਨਾਂ ਸਕੂਲਾਂ ਉੱਤੇ ਸਰੋਤਾਂ ਨੂੰ ਕੇਂਦਰਿਤ ਕਰ ਸਕਦੇ ਹਨ।

ਜੇ ਤੁਹਾਡੇ ਬੱਚੇ ਦੇ ਸਕੂਲ ਦੀ ਵਿਆਪਕ ਸਹਾਇਤਾ ਅਤੇ ਸੁਧਾਰ **(CSI) ਸਕੂਲ** ਦੇ ਰੂਪ ਵਿੱਚ ਪਹਿਚਾਣ ਕੀਤੀ ਗਈ ਹੈ, ਤਾਂ ਕਈ ਸਾਰੇ ਕਦਮ ਉਠਾਏ ਜਾਣਗੇ:

- ਤੁਹਾਡਾ ਸਕੂਲ ਇਹ ਨਿਰਧਾਰਿਤ ਕਰਨ ਲਈ ਮੁਲਾਂਕਣ ਕਰੇਗਾ ਕਿ ਕਿਹੜੀ ਚੀਜ਼ ਚੰਗਾ ਕੰਮ ਕਰਦੀ ਹੈ ਅਤੇ ਕਿਹੜੀ ਨਹੀਂ। ਮਾਤਾ-ਪਿਤਾ ਅਤੇ ਭਾਈਚਾਰੇ ਦੇ ਮੈਂਬਰਾਂ ਕੋਲ ਇਸ ਵਿੱਚ ਭਾਗ ਲੈਣ ਦਾ ਮੌਕਾ ਹੋਵੇਗਾ। ਫਿਰ, ਤੁਹਾਡਾ ਸਕੂਲ ਇੱਕ ਸਕੂਲ ਸੁਧਾਰ ਯੋਜਨਾ ਤਿਆਰ ਕਰੇਗਾ।
- ਇੱਕ ਵਾਰ ਜਿਲ੍ਹੇ ਅਤੇ ਰਾਜ ਦੁਆਰਾ ਸਵੀਕ੍ਰਿਤ ਹੋਣ ਮਗਰੋਂ, ਸੁਧਾਰ ਯੋਜਨਾ ਲਾਗੂ ਕੀਤੀ ਜਾਵੇਗੀ। ਇਸ ਵਿੱਚ ਘੱਟੋ-ਘੱਟ ਇੱਕ ਸਕੂਲ ਵਿਆਪੀ ਸੁਧਾਰ ਕਾਰਜਨੀਤੀ ਸ਼ਾਮਿਲ ਹੋਵੇਗੀ। ਇਸ ਵਿੱਚ ਫੰਡ ਖ਼ਰਚ ਕਰਨ ਦਾ ਤਰੀਕਾ ਬਦਲਣਾ ਜਾਂ ਇਸ ਚੀਜ਼ ਨੂੰ ਮਜ਼ਬੂਤ ਕਰਨਾ ਸ਼ਾਮਲ ਹੋ ਸਕਦਾ ਹੈ ਕਿ ਜਮਾਤਾਂ ਕਿਵੇਂ ਵਿਦਿਆਰਥੀ ਦੀ ਸਮਾਜਕ ਅਤੇ ਭਾਵਨਾਤਮਕ ਸਿਹਤ ਵਿੱਚ ਮਦਦ ਕਰਦੀਆਂ ਹਨ ਹੈ। ਅਧਿਆਪਕ ਅਤੇ ਸਟਾਫ਼ ਪੇਸ਼ੇਵਰ ਵਿਕਾਸ ਵਿੱਚ ਭਾਗ ਲੈਣਗੇ। ਅਤੇ ਤੁਹਾਡਾ ਸਕੂਲ ਸੁਧਾਰ ਕਾਰਜਨੀਤੀ ਵਿੱਚ ਸਹਾਇਤਾ ਕਰਨ ਲਈ ਫੰਡਾਂ ਦੇ ਯੋਗ ਹੋਵੇਗਾ।
- ਤੁਹਾਡਾ ਸਕੂਲ ਸੁਨਿਸ਼ਚਿਤ ਕਰੇਗਾ ਕਿ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਇਹ ਨਿਰਧਾਰਿਤ ਕਰਨ ਵਿੱਚ ਮਦਦ ਕਰਨ ਦੇ ਮੌਕੇ ਮਿਲਣ ਕਿ ਕੁਝ ਸਕੂਲ ਫੰਡਾਂ ਨੂੰ ਕਿਵੇਂ ਖ਼ਰਚ ਕੀਤਾ ਜਾਂਦਾ ਹੈ ਜਾਂ ਉਹਨਾਂ ਹੋਰ ਗਤੀਵਿਧੀਆਂ ਵਿੱਚ ਕਿਵੇਂ ਸ਼ਾਮਿਲ ਹੋਣਾ ਹੈ ਜੋ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਿਚਾਰ ਪ੍ਰਗਟ ਕਰਨ ਦਿੰਦੀਆਂ ਹਨ।
- ਜੇ ਤੁਹਾਡੇ ਸਕੂਲ ਵਿੱਚ ਸੁਧਾਰ ਨਹੀਂ ਹੁੰਦਾ, ਤਾਂ ਵਾਧੂ ਕਾਰਵਾਈਆਂ ਦੀ ਲੋੜ ਪਵੇਗੀ, ਅਤੇ ਜੇ ਖਰਾਬ ਪ੍ਰਦਰਸ਼ਣ ਨਿਰੰਤਰ ਰਹਿੰਦਾ ਹੈ, ਤਾਂ ਸਕੂਲ ਨੂੰ ਰਿਸੀਵਰਸ਼ਿਪ ਵਿੱਚ ਰੱਖਿਆ ਜਾ ਸਕਦਾ ਹੈ।

ਜੇ ਤੁਹਾਡੇ ਬੱਚੇ ਦੇ ਸਕੂਲ ਦੀ ਪਹਿਚਾਣ ਇੱਕ **TSI ਸਕੂਲ** ਦੇ ਰੂਪ ਵਿੱਚ ਕੀਤੀ ਗਈ ਹੈ, ਤਾਂ ਕਈ ਕਦਮ ਉਠਾਏ ਜਾਣਗੇ:

- ਤੁਹਾਡਾ ਸਕੂਲ ਇਹ ਨਿਰਧਾਰਿਤ ਕਰਨ ਲਈ ਮੁਲਾਂਕਣ ਕਰੇਗਾ ਕਿ ਕਿਹੜੀ ਚੀਜ਼ ਚੰਗਾ ਕੰਮ ਕਰਦੀ ਹੈ ਅਤੇ ਕਿਹੜੀ ਨਹੀਂ — ਮਾਤਾ-ਪਿਤਾ ਅਤੇ ਭਾਈਚਾਰੇ ਦੇ ਮੈਂਬਰਾਂ ਕੋਲ ਇਸ ਵਿੱਚ ਭਾਗ ਲੈਣ ਦਾ ਮੌਕਾ ਹੋਵੇਗਾ। ਫਿਰ, ਤੁਹਾਡਾ ਸਕੂਲ ਇੱਕ ਸਕੂਲ ਸੁਧਾਰ ਯੋਜਨਾ ਤਿਆਰ ਕਰੇਗਾ।
- ਜਿਲ੍ਹੇ ਦੀ ਸਵੀਕ੍ਰਿਤੀ ਮਿਲਣ ਤੋਂ ਬਾਅਦ, ਘੱਟੋ-ਘੱਟ ਇੱਕ ਸਕੂਲ-ਵਿਆਪੀ ਸੁਧਾਰ ਕਾਰਜਨੀਤੀ ਸਮੇਤ ਸੁਧਾਰ ਯੋਜਨਾ ਨੂੰ ਲਾਗੂ ਕੀਤਾ ਜਾਵੇਗਾ। ਤੁਹਾਡੇ ਸਕੂਲ ਨੂੰ ਜਿਲ੍ਹੇ ਤੋਂ ਵਾਧੂ ਤਕਨੀਕੀ ਸਹਾਇਤਾ ਮਿਲੇਗੀ।
- ਤੁਹਾਡਾ ਸਕੂਲ ਹਰ ਸਾਲ ਮਾਤਾ-ਪਿਤਾ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਸਰਵੇਖਣ ਕਰੇਗਾ।
- ਜੇ ਤੁਹਾਡਾ ਸਕੂਲ ਕੁਝ ਸਾਲਾਂ ਬਾਅਦ ਵੀ ਸੁਧਾਰ ਨਹੀਂ ਕਰਦਾ, ਤਾਂ ਤੁਹਾਡੇ ਸਕੂਲ ਨੂੰ CSI ਦੇ ਤੌਰ 'ਤੇ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।

ਹੁਣ ਜਦ ਤੁਹਾਡਾ ਸਕੂਲ, ਜਿਲ੍ਹਾ ਅਤੇ ਰਾਜ, ਸਾਰੇ ਵਿਦਿਆਰਥੀਆਂ ਲਈ ਸਰਵਉੱਤਮ ਸਿੱਖਿਆ ਸੁਨਿਸ਼ਚਿਤ ਕਰਨ ਲਈ ਕੰਮ ਕਰ ਰਹੇ ਤਾਂ ਸਹਾਇਤਾ ਕਰਨ ਲਈ ਤੁਹਾਡਾ ਧੰਨਵਾਦ। ਹੋਰ ਮਜ਼ਬੂਤ ਸਕੂਲ ਦੇ ਨਿਰਮਾਣ ਵਿੱਚ ਸ਼ਾਮਿਲ ਹੋਣ ਬਾਰੇ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਸਕੂਲ ਦੇ ਮੁੱਖ ਅਧਿਆਪਕ ਨਾਲ ਸੰਪਰਕ ਕਰੋ।